**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ ੳ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**

ਵੱਲ

ਸਮੂਹ ਸੈਂਟਰ ਹੈੱਡ ਟੀਚਰ
ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈੱਬਸਾਇਟ ਰਾਹੀਂ)
ਪੰਜਾਬ

ਮੀਮੋ ਨੰ. ਸਸਅ/ਡਿਐਸਪੀਡੀ ਵੀ/2010/53606
ਮਿਤੀ 19.08.2010 ਚੰਡੀਗੜ੍ਹ

**ਵਿਸ਼ਾ:- ਸਕੂਲ ਕਲੱਬਇੰਗ ਬਾਰੇ।**

**ਹਵਾਲਾ: ਸਰਕਾਰ ਦੇ ਹੁਕਮ ਨੰ. ਸਸਅ/ ਡਿਐਸਪੀਡੀ ਵੀ /2010 /45738 ਮਿਤੀ 8.7.2010 ਅਤੇ ਸਸਅ/ ਡਿਐਸਪੀਡੀ ਵੀ/2010/46638 ਮਿਤੀ 19.7.2010ਦੀ ਲਗਾਤਾਰਤਾ ਦੇ ਸਬੰਧ ਵਿਚ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੰਜਾਬ ਸਰਕਾਰ ਵੱਲੋਂ ਜਿਹੜੇ ਪ੍ਰਾਇਮਰੀ ਸਕੂਲ ਕਿਸੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਨਾਲ ਇਕ ਕੈਂਪਸ/ਬਿਲਡਿੰਗ ਵਿੱਚ ਚੱਲ ਰਹੇ ਹਨ ਜਾਂ ਜਿੰਨ੍ਹਾਂ ਦੀ ਚਾਰਦਿਵਾਰੀ ਇੱਕ/ਸਾਂਝੀ ਹੈ, ਉਹਨਾਂ ਦਾ ਅਕਾਦਮਿਕ ਤੌਰ 'ਤੇ ਪ੍ਰਬੰਧਕੀ ਕੰਟਰੋਲ ਮਿਡਲ, ਹਾਈ, ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ ਜਿਵੇਂ ਵੀ ਹੋਵੇ, ਦੇ ਸੀਨੀਅਰ ਮੁਖੀ ਕੋਲ ਹੋਣ ਦੇ ਹੁਕਮ ਜਾਰੀ ਕੀਤੇ ਗਏ ਸਨ ।

3.0 ਦਫ਼ਤਰ ਦੇ ਧਿਆਨ ਵਿਚ ਆਇਆ ਹੈ ਕਿ ਕਈ ਸਕੂਲ ਮੁਖੀਆਂ ਵੱਲੋਂ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਨੂੰ ਕਲੱਬ ਕਰਨ ਵੇਲੇ ਪੜ੍ਹੋ ਪੰਜਾਬ ਦੀ ਸਮਾਂ-ਸਾਰਣੀ ਨੂੰ ਵੀ ਬਦਲਿਆ ਜਾ ਰਿਹਾ ਹੈ। ਇਸ ਨਾਲ ਪੜ੍ਹੋ ਪੰਜਾਬ ਪ੍ਰੋਜੈਕਟ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਕਿਉਂਕਿ ਪੜ੍ਹੋ ਪੰਜਾਬ ਪ੍ਰੋਜੈਕਟ ਦੌਰਾਨ ਪਹਿਲਾ ਘੰਟਾ ਗਣਿਤ, ਦੂਸਰਾ ਘੰਟਾ ਪੰਜਾਬੀ ਅਤੇ ਤੀਸਰਾ ਘੰਟਾ ਅੰਗਰੇਜ਼ੀ ਦਾ ਰੱਖਿਆ ਗਿਆ ਹੈ। ਇਸ ਪ੍ਰੋਗਰਾਮ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਬਦਲੀ ਨਾ ਕੀਤੀ ਜਾਵੇ।

4.0 ਜੇਕਰ ਪ੍ਰਾਇਮਰੀ ਸਕੂਲਾਂ ਅੰਦਰ ਬੱਚਿਆਂ ਦੀ ਗਿਣਤੀ 30:1 ਦੇ ਅਨੁਪਾਤ ਤੋਂ ਅਧਿਆਪਕ ਜ਼ਿਆਦਾ ਹੋਣ ਤਾਂ ਇਹਨਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ।

ਇਸੇ ਤਰੀਕੇ ਨਾਲ ਅੱਪਰ-ਪ੍ਰਾਇਮਰੀ ਦੇ ਜੇ ਅਧਿਆਪਕ ਵਾਧੂ ਹੋਣ ਤਾਂ ਉਹਨਾਂ ਨੂੰ ਵੀ ਪ੍ਰਾਇਮਰੀ ਜਮਾਤਾਂ ਵਿਚ ਪੜ੍ਹੋ ਪੰਜਾਬ ਤਕਨੀਕ ਅਨੁਸਾਰ ਹੀ ਪੜ੍ਹਾਉਣ ਲਈ ਕਿਹਾ ਜਾਵੇ।

5.0 ਪ੍ਰਾਇਮਰੀ ਸਕੂਲਾਂ ਦੀ ਜਮਾਤ ਚੌਥੀ ਅਤੇ ਪੰਜਵੀਂ ਨੂੰ ਇਸ ਸਾਲ ਪਾਠਕ੍ਰਮ ਮਹਿਲ ਨਾਲ ਜੋੜਿਆ ਗਿਆ ਹੈ। ਇਸ ਲਈ ਅੱਪਰ-ਪ੍ਰਾਇਮਰੀ ਸਕੂਲਾਂ ਵਿੱਚ ਜਿੱਥੇ ਅਧਿਆਪਕਾਂ ਦੀ ਬੱਚਿਆਂ ਅਨੁਸਾਰ ਗਿਣਤੀ ਜ਼ਿਆਦਾ ਹੈ। ਉਹਨਾਂ ਸਕੂਲਾਂ ਦੇ ਅਧਿਆਪਕ ਜਮਾਤ ਚੌਥੀ ਅਤੇ ਪੰਜਵੀਂ ਨੂੰ ਆਪਣੇ ਸਬੰਧਤ ਵਿਸ਼ੇ ਅਨੁਸਾਰ ਪੜ੍ਹਾਉਣਗੇ। ਇਸ ਨੂੰ ਯਕੀਨੀ ਬਣਾਉਣਾ ਮਿਡਲ/ ਹਾਈ/ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਦੀ ਜ਼ਿੰਮਵੇਾਰੀ ਹੋਵੇਗੀ।

6.0 ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਦੀ ਕਲੱਬਇੰਗ ਦੇ ਨਾਲ ਸਵੇਰ ਦੀ ਸਭਾ ਵੀ ਸਾਂਝੀ ਕੀਤੀ ਗਈ ਹੈ ਪਰ ਮੁੱਖ ਦਫ਼ਤਰ ਨੂੰ ਇਸ ਤਰ੍ਹਾਂ ਦੀ ਫੀਡ ਬੈਕ ਪ੍ਰਾਪਤ ਹੋਈ ਹੈ ਕਿ ਇਸ ਨਾਲ ਪ੍ਰਾਇਮਰੀ ਸਕੂਲਾਂ ਦੀ ਪੜ੍ਹੋ ਪੰਜਾਬ ਤਹਿਤ ਕਰਵਾਈ ਜਾਣ ਵਾਲੀ ਸਵੇਰ ਦੀ ਸਭਾ ਪ੍ਰਭਾਵਿਤ ਹੋ ਰਹੀ ਹੈ। ਇਸ ਸਬੰਧੀ ਆਪ ਜੀ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਲੋੜ ਨੂੰ ਧਿਆਨ 'ਚ ਰੱਖਦਿਆਂ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਦੀ ਸਵੇਰ ਦੀ ਸਭਾ ਵੱਖ-ਵੱਖ ਕਰਵਾ ਲਈ ਜਾਵੇ ਪਰ ਸਮੁੱਚਾ ਸਕੂਲ ਪ੍ਰਬੰਧ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀ ਦੀ ਦੇਖ-ਰੇਖ ਹੇਠ ਹੀ ਹੋਵੇਗਾ।

7.0 ਕਲੱਬ ਕੀਤੇ ਗਏ ਸਕੂਲਾਂ ਦੀਆਂ ਲੋਕਲ ਛੁੱਟੀਆਂ ਵੀ ਸਾਂਝੀਆਂ ਹੋਣਗੀਆਂ। ਭਾਵ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲ ਆਪਣੀਆਂ ਵੱਖ-ਵੱਖ ਛੁੱਟੀਆਂ ਨਹੀਂ ਕਰ ਸਕਦੇ।

8.0 ਕਲੱਬ ਕੀਤੇ ਗਏ ਸਕੂਲਾਂ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)ਸਾਂਝੇ ਤੌਰ ਤੇ ਇਹਨਾਂ ਸਕੂਲ ਮੁਖੀਆਂ ਦੀ ਇਕ ਮੀਟਿੰਗ ਕਰਕੇ ਅਧਿਆਪਕਾਂ ਦੇ ਭਰਮ ਭੁਲੇਖਿਆਂ ਨੂੰ ਦੂਰ ਵੀ ਕਰਨਗੇ।

9.0 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸਾਂਝੇ ਤੌਰ ਤੇ ਇਹ ਸਰਟੀਫਿਕੇਟ ਵੀ ਦੇਣਗੇ ਕਿ ਉਹਨਾਂ ਦੇ ਜ਼ਿਲ੍ਹਿਆਂ ਅੰਦਰ ਕਲੱਬ ਕੀਤੇ ਗਏ ਸਕੂਲਾਂ ਅੰਦਰ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾ ਰਹੀ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ.ਸਸਅ/ਡਿਐਸਪੀਡੀ ਵੀ/ ਮਿਤੀ:

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਵੀ ਭੇਜਿਆ ਜਾਂਦਾ ਹੈ:-

(1) ਡੀ.ਪੀ.ਆਈ (ਸੈ.ਸਿ) ਅਤੇ (ਐ.ਸਿ), ਪੰਜਾਬ

(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ (ਐ.ਸਿ), ਪੰਜਾਬ।

(3) ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**